**Series AB1CD/2** **SET~2**

*Q.P. Code* **222/2/2**

*Roll No.*

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

**ਨੋਟ / NOTE :**

(i) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **6** ਪੰਨੇ **+ 1** ਮਾਨਚਿੱਤਰ ਹਨ ।
Please check that this question paper contains **6** printed pages **+ 1** Map.

(ii) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(iii) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **10** ਪ੍ਰਸ਼ਨ ਹਨ ।
Please check that this question paper contains **10** questions.

(iv) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the serial number of the question in the answer-book before attempting it.**

(v) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਇਤਿਹਾਸ

## (ਪੰਜਾਬੀ ਉਲਥਾ)

# HISTORY

## (Punjabi Version)

*ਸਮਾਂ ਸੀਮਾਂ : 2 ਘੰਟੇ* *ਪੂਰਨ ਅੰਕ : 40*

*Time allowed : 2 hours* *Maximum Marks : 40*



ZOLLEGE.in

***ਵਿਆਪਕ ਨਿਰਦੇਸ਼:***

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ* ***10*** *ਪ੍ਰਸ਼ਨ ਹਨ ।*

*(ii)* *ਇਹ ਪ੍ਰਸ਼ਨ ਪੱਤਰ* ***ਚਾਰ*** *ਖੰਡਾਂ ਵਿਚ ਵੰਡਿਆ ਗਿਆ ਹੈ –* ***ਖੰਡ ਕ, ਖ, ਗ*** *ਅਤੇ* ***ਘ*** *।*

*(iii)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ । ਹਰ ਇਕ ਪ੍ਰਸ਼ਨ ਦੇ ਸਾਹਮਣੇ ਨਿਰਧਾਰਿਤ ਅੰਕ ਦਿਤੇ ਗਏ ਹਨ ।*

*(iv)* ***ਖੰਡ ਕ*** *– ਪ੍ਰਸ਼ਨ ਸੰਖਿਆ* ***1*** *ਤੋਂ* ***4*** *ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***3*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***80*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(v)* ***ਖੰਡ ਖ*** *– ਪ੍ਰਸ਼ਨ ਸੰਖਿਆ* ***5*** *ਤੋਂ* ***7*** *ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***6*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***150 – 200*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(vi)* ***ਖੰਡ ਗ*** *– ਪ੍ਰਸ਼ਨ ਸੰਖਿਆ* ***8*** *ਅਤੇ* ***9*** *ਕੇਸ–ਅਧਾਰਿਤ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ, ਉਪ–ਪ੍ਰਸ਼ਨਾਂ ਦੇ ਨਾਲ* ***4*** *ਅੰਕ ਦਾ ਹੈ ।*

*(vii)* ***ਖੰਡ ਘ*** *– ਪ੍ਰਸ਼ਨ ਸੰਖਿਆ* ***10*** *ਮਾਨਚਿੱਤਰ–ਅਧਾਰਿਤ ਪ੍ਰਸ਼ਨ ਹੈ, ਜੋ ਕਿ* ***2*** *ਅੰਕ ਦਾ ਹੈ ।*

*(viii)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹਨ, ਫਿਰ ਵੀ, ਕੁਲ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਅਜੇਹੇ ਵਿਕਲਪਿਤ ਪ੍ਰਸ਼ਨਾਂ ਵਿਚੋਂ ਸਿਰਫ ਇਕ ਪ੍ਰਸ਼ਨ ਦਾ ਹੀ ਉੱਤਰ ਲਿਖਣਾ ਹੈ ।*

## ਖੰਡ ਕ

## (ਛੋਟੇ ਉੱਤਰ ਪ੍ਰਸ਼ਨ) *4×3=12*

**1.** 1857 ਦੇ ਵਿਦਰੋਹ ਵਿਚ ਉਕਸਾਣ ਵਾਲੀਆਂ ਕਿਸੇ ਤਿੰਨ ਅਫਵਾਹਵਾਂ ਦਾ ਵਰਣਨ ਕਰੋ । *3*

**2.** ਕਾਂਗਰੇਸ ਦੇ 'ਲਾਲ–ਬਾਲ–ਪਾਲ' ਦੀ ਭੂਮਿਕਾ ਨੇ ਉਨ੍ਹਾਂ ਦੇ ਸੰਘਰਸ਼ ਦੇ ਅਖਿਲ ਭਾਰਤੀ ਚਰਿਤਰ ਨੂੰ ਕਿਵੇਂ ਦਰਸਾਇਆ ਹੈ ? *3*

**3.** "ਸੰਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ 'ਉਦੇਸ਼ ਪ੍ਰਸ਼ਤਾਵ' ਇਕ ਇਤਿਹਾਸਕ ਪ੍ਰਸਤਾਵ ਸੀ ।" ਕਥਨ ਦੀ ਵਿਆਖਿਆ ਕਰੋ । *3*

**4.** (a) ਅਠਾਰ੍ਹਵੀਂ ਸਦੀ ਦੇ ਦੌਰਾਨ ਰਾਜਮਹਲ ਪਹਾੜੀਆਂ ਵਿਚ ਰਹਿਣ ਵਾਲੇ ਪਹਾੜੀ ਲੋਕਾਂ ਦੇ ਪ੍ਰਤਿ ਅੰਗ੍ਰੇਜ਼ਾਂ ਰਾਹੀਂ ਅਪਣਾਈਆਂ ਗਈਆਂ ਨੀਤੀਆਂ ਦਾ ਵਿਸ਼ਲੇਸ਼ਣ ਕਰੋ । *3*

**ਜਾਂ**

(b) ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਅਸਾਧਾਰਣ ਨਿਰੀਖਕ ਦੇ ਰੂਪ ਵਿਚ ਫਰਾਂਸਿਸ ਬੁਕਾਨਨ ਦੀ ਭੂਮਿਕਾ ਦੀ ਪਰਖ ਕਰੋ । *3*



ZOLLEGE.in

## ਖੰਡ ਖ

## (ਲੰਬੇ ਉੱਤਰ ਪ੍ਰਸ਼ਨ) *3×6=18*

**5.** ਭਾਰਤੀ ਲੋਕਤੰਤਰ ਦੇ ਲਈ 'ਸ਼ਕਤੀਸ਼ਾਲੀ ਅਤੇ ਏਕੀਕ੍ਰਤ ਕੇਂਦਰ' ਦੀ ਲੋੜ ਤੇ ਬੀ.ਆਰ. ਅਮਬੇਡਕਰ, ਗੋਪਾਲਸਵਾਮੀ ਅਯੰਗਰ ਅਤੇ ਬਾਲਕ੍ਰਸ਼ਣ ਸ਼ਰਮਾ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰੋ । *2+2+2=6*

**6.** (a) "ਮੁਗਲਾਂ ਦੇ ਆਪਣੇ ਪੜੋਸੀ ਰਾਜਨੀਤਿਕ ਸ਼ਕਤੀਆਂ ਦੇ ਨਾਲ ਕੂਟਨੀਤਕ (ਰਾਜਦੂਤਕ) ਸੰਬੰਧ ਅਤੇ ਸੰਘਰਸ਼ ਸਨ ।" ਇਸ ਕਥਨ ਦੀ ਵਿਆਖਿਆ ਕਰੋ । *6*

**ਜਾਂ**

(b) "ਅਕਬਰ ਨੇ ਸਮਾਜ ਵਿਚ ਸ਼ਾਂਤੀ ਅਤੇ ਸਦਭਾਵਨਾ ਬਣਾਈ ਰਖਣ ਦੇ ਲਈ ਆਪਣੀ *ਸੁਲਹ-ਏ-ਕੁਲ* ਨੀਤੀ ਦੀ ਸੰਕਲਨਾ ਕੀਤੀ ਅਤੇ ਉਸਨੂੰ ਲਾਗੂ ਕੀਤਾ ।" ਕਥਨ ਦੀ ਵਿਆਖਿਆ ਕਰੋ । *6*

**7.** (a) "ਨਮਕ ਸਤਿਆਗ੍ਰਹਿ ਨੇ ਦੁਨੀਆਂ ਭਰ ਦਾ ਧਿਆਨ ਖਿਚਿਆ ਅਤੇ ਰਾਸ਼ਟਰ ਵਿਆਪੀ ਸਵਿਨਯ ਅਵਗਿਆ ਅੰਦੋਲਨ ਸ਼ੁਰੂ ਕੀਤਾ ਗਿਆ ।" ਢੁਕਵੀਆਂ ਉਦਾਹਰਣਾਂ ਸਹਿਤ ਇਸ ਕਥਨ ਨੂੰ ਸਪਸ਼ਟ ਕਰੋ । *6*

**ਜਾਂ**

(b) "ਅਸਹਿਯੋਗ ਅੰਦੋਲਨ ਗਾਂਧੀਜੀ ਦਾ ਵੱਡੇ ਪੈਮਾਨੇ ਤੇ ਪਹਿਲਾ ਸੰਗਠਿਤ ਸਤਿਆਗ੍ਰਹਿ ਅੰਦੋਲਨ ਸੀ ਜੋ ਸਵਰਾਜ ਤੇ ਅਧਾਰਿਤ ਸੀ ।" ਢੁਕਵੀਆਂ ਉਦਾਹਰਣਾਂ ਸਹਿਤ ਇਸ ਕਥਨ ਨੂੰ ਸਪਸ਼ਟ ਕਰੋ । *6*

## ਖੰਡ ਗ

## (ਕੇਸ-ਅਧਾਰਿਤ ਪ੍ਰਸ਼ਨ) *2×4=8*

**8.** ਹੇਠ ਦਿੱਤੇ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *1+1+2=4*

***ਸ਼ਾਹ ਮਲ***

ਸ਼ਾਹ ਮਲ ਉੱਤਰ ਪ੍ਰਦੇਸ਼ ਦੇ ਬੜੌਤ ਪਰਗਨਾ ਦੇ ਇਕ ਵੱਡੇ ਪਿੰਡ ਦੇ ਰਹਿਣ ਵਾਲੇ ਸਨ । ਇਹ ਇਕ ਜਾਟ ਪਰਿਵਾਰ ਨਾਲ ਸੰਬੰਧ ਰਖਦੇ ਸਨ ਜੋ ਚੌਰਾਸੀ ਦੇਸ਼ (ਚੌਰਾਸੀ ਪਿੰਡ) ਵਿਚ ਫੈਲਿਆ ਹੋਇਆ ਸੀ । ਇਸ ਇਲਾਕੇ ਦੀ ਜਮੀਨ ਸਿੰਜਾਈ ਦੀਆਂ ਸੁਵਿਧਾਵਾਂ ਨਾਲ ਲੈਸ ਅਤੇ ਉਪਜਾਊ ਸੀ । ਇਥੋਂ ਦੀ ਮਿੱਟੀ ਕਾਲੀ ਨਮ ਸੀ । ਬਹੁਤ ਸਾਰੇ ਪੇਂਡੂ ਖੁਸ਼ਹਾਲ ਸਨ ਅਤੇ ਲੋਕ ਬ੍ਰਿਟਿਸ਼ ਦੀ ਧਰਤੀ ਉਪਰ ਸਰਕਾਰੀ ਲਗਾਨ ਦੀ ਵਿਵਸਥਾ ਨੂੰ ਦਮਨਕਾਰੀ ਮੰਨਦੇ ਸਨ : ਲਗਾਨ ਦੀ



ZOLLEGE.in

ਦਰ ਜ਼ਿਆਦਾ ਅਤੇ ਵਸੂਲੀ ਸਖ਼ਤ ਸੀ । ਨਤੀਜਾ ਇਹ ਸੀ ਕਿ ਕਿਸਾਨਾਂ ਦੀ ਜਮੀਨ ਬਾਹਰਲੇ ਲੋਕਾਂ ਦੇ ਹਥ ਵਿਚ ਜਾ ਰਹੀ ਸੀ । ਇਲਾਕੇ ਵਿਚ ਆਣ ਵਾਲੇ ਵਪਾਰੀ ਅਤੇ ਮਹਾਜਨ ਜਮੀਨ ਉਪਰ ਕਬਜ਼ਾ ਕਰਦੇ ਜਾ ਰਹੇ ਸਨ ।

ਸ਼ਾਹ ਮਲ ਨੇ ਚੌਰਾਸੀ ਦੇਸ਼ ਦੇ ਮੁਖਿਆਵਾਂ ਅਤੇ ਕਾਸ਼ਤਕਾਰਾਂ ਨੂੰ ਸੰਗਠਿਤ ਕੀਤਾ । ਇਸ ਦੇ ਲਈ ਉਨ੍ਹਾਂ ਨੇ ਰਾਤ-ਰਾਤ ਨੂੰ ਪਿੰਡ-ਪਿੰਡ ਜਾ ਕੇ ਗਲ ਕੀਤੀ ਅਤੇ ਲੋਕਾਂ ਨੂੰ ਅੰਗ੍ਰੇਜ਼ਾਂ ਦੇ ਖਿਲਾਫ ਵਿਦਰੋਹ ਕਰਨ ਲਈ ਤਿਆਰ ਕੀਤਾ । ਬਹੁਤ ਸਾਰੀਆਂ ਦੂਜੀਆਂ ਥਾਵਾਂ ਦੀ ਤਰਾਂ ਇਥੇ ਵੀ ਅੰਗ੍ਰੇਜ਼ਾਂ ਦੇ ਖਿਲਾਫ ਅੰਦੋਲਨ ਇਕ ਵਿਆਪਕ ਵਿਦਰੋਹ ਵਿਚ ਤਬਦੀਲ ਹੋ ਗਿਆ । ਹੁਣ ਵਿਰੋਧ ਅਤਿਆਚਾਰ ਅਤੇ ਅਨਿਆਂ ਦੇ ਸਾਰੇ ਚਿਹਨਾਂ ਦੇ ਖਿਲਾਫ ਹੋਣ ਲਗਾ । ਕਿਸਾਨ ਆਪਣੇ ਖੇਤ ਛੋੜ ਕੇ ਨਿਕਲ ਪਏ ਅਤੇ ਮਹਾਜਨਾਂ ਅਤੇ ਵਪਾਰੀਆਂ ਦੇ ਘਰ ਬਾਰ ਲੁਟਣ ਲਗੇ । ਬੇਦਖਲ ਜਮੀਨ ਮਾਲਕਾਂ ਨੇ ਖੋਹੀਆਂ ਗਈਆਂ ਜਮੀਨਾਂ ਉਪਰ ਦੁਬਾਰਾ ਕਬਜ਼ਾ ਕਰ ਲਿਆ । ਸ਼ਾਹ ਮਲ ਦੇ ਆਦਮੀਆਂ ਨੇ ਸਰਕਾਰੀ ਇਮਾਰਤਾਂ ਉਪਰ ਹਮਲਾ ਕੀਤਾ, ਨਦੀ ਦਾ ਪੁੱਲ ਤਬਾਹ ਕਰ ਦਿਤਾ ਅਤੇ ਪੱਕੀਆਂ ਸੜਕਾਂ ਨੂੰ ਖੋਦ ਛੋੜਿਆ । ਇਸਦਾ ਇਕ ਵਜ੍ਹਾ ਇਹ ਸੀ ਕਿ ਉਹ ਸਰਕਾਰੀ ਫੋਜਾਂ ਦਾ ਰਸਤਾ ਰੋਕਣਾ ਚਾਹੁੰਦੇ ਸਨ । ਦੂਸਰੀ ਵਜ੍ਹਾ ਇਹ ਸੀ ਕਿ ਪੁੱਲਾਂ ਅਤੇ ਸੜਕਾਂ ਨੂੰ ਬ੍ਰਿਟਿਸ਼ ਸ਼ਾਸਨ ਦਾ ਪ੍ਰਤੀਕ ਮਨਿਆ ਜਾਂਦਾ ਸੀ । ਉਨ੍ਹਾਂ ਨੇ ਦਿੱਲੀ ਵਿਚ ਵਿਦਰੋਹ ਕਰਨ ਵਾਲੇ ਸਿਪਾਹੀਆਂ ਨੂੰ ਰਸਦ ਪਹੁੰਚਾਈ ਅਤੇ ਬ੍ਰਿਟਿਸ਼ ਹੇਡਕਵਾਟਰ ਅਤੇ ਮੇਰਠ ਦੇ ਦਰਮਿਆਨ ਤਮਾਮ ਸਰਕਾਰੀ ਸੰਚਾਰ ਬੰਦ ਕਰ ਦਿਤਾ । ਸਥਾਨਕ ਸਤਰ ਤੇ ਰਾਜਾ ਕਹਾਣ ਵਾਲੇ ਸ਼ਾਹ ਮਲ ਨੇ ਇਕ ਅੰਗ੍ਰੇਜ ਅਫਸਰ ਦੇ ਬੰਗਲੇ ਵਿਚ ਡੇਰਾ ਪਾਇਆ, ਉਸਨੂੰ "ਨਿਆਂ ਭਵਨ" ਦਾ ਨਾਮ ਦਿੱਤਾ ਅਤੇ ਉਥੇ ਹੀ ਝਗੜਿਆਂ ਅਤੇ ਆਪਸੀ ਵਿਵਾਦਾਂ ਦਾ ਫੈਸਲਾ ਕਰਨ ਲਗੇ । ਉਹਨਾਂ ਨੇ ਗੁਪਤਚਰੀ (ਜਸੂਸੀ) ਦਾ ਵੀ ਹੈਰਤਅੰਗ੍ਰੇਜ ਨੇਟਵਰਕ ਸਥਾਪਤ ਕਰ ਲਿਆ ਸੀ । ਕੁਝ ਸਮੇਂ ਦੇ ਲਈ ਲੋਕਾਂ ਨੂੰ ਲੱਗਾ ਕਿ ਫਿਰੰਗੀ ਰਾਜ ਖਤਮ ਹੋ ਚੁਕਾ ਹੈ ਅਤੇ ਉਨ੍ਹਾਂ ਦਾ ਰਾਜ ਆ ਗਿਆ ਹੈ ।

ਜੁਲਾਈ 1857 ਵਿਚ ਸ਼ਾਹ ਮਲ ਨੂੰ ਯੁੱਧ ਵਿਚ ਮਾਰ ਦਿਤਾ ਗਿਆ ।

(8.1) ਸ਼ਾਹ ਮਲ ਨੇ ਅੰਗ੍ਰੇਜ਼ਾਂ ਦੇ ਖਿਲਾਫ ਆਵਾਜ਼ ਕਿਉਂ ਚੁਕੀ ? *1*

(8.2) ਸ਼ਾਹ ਮਲ ਨੇ 1857 ਦੇ ਵਿਦਰੋਹ ਦੇ ਵਿਦਰੋਹੀਆਂ ਦਾ ਸਮਰਥਨ ਕਿਵੇਂ ਕੀਤਾ ? *1*

(8.3) ਸ਼ਾਹ ਮਲ ਨੇ ਆਪਣੀ ਗੁਪਤਚਰੀ (ਜਸੂਸੀ) ਦੇ ਨੇਟਵਰਕ ਦਾ ਪ੍ਰਗਟਾਵਾ ਕਿਵੇਂ ਕੀਤਾ ? *2*



ZOLLEGE.in

**9.** ਹੇਠ ਦਿੱਤੇ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *1+1+2=4*

## ਤਸਵੀਰ ਦੀ ਤਰੀਫ ਵਿਚ

ਅਬੁਲ ਫਜ਼ਲ ਚਿਤਰਕਾਰਾਂ ਨੂੰ ਬਹੁਤ ਇੱਜ਼ਤ ਦੇਂਦਾ ਸੀ :

> ਕਿਸੇ ਵੀ ਚੀਜ਼ ਦਾ ਉਸ ਵਰਗਾ ਹੀ ਖਾਕਾ ਤਿਆਰ ਕਰਨਾ ਤਸਵੀਰ ਕਹਾਂਦਾ ਹੈ । ਆਪਣੀ ਜਵਾਨੀ ਦੇ ਇਕਦਮ ਸ਼ੁਰੂਆਤੀ ਦਿਨਾਂ ਤੋਂ ਹੀ ਬਾਦਸ਼ਾਹ ਸਲਾਮਤ ਨੇ ਇਸ ਕਲਾ ਵਿਚ ਖਾਸ ਰੁਝਾਨ ਦਰਸਾਇਆ । ਉਹ ਇਸ ਅਧਿਐਨ ਅਤੇ ਮਨਪਰਚਾਵੇ ਦੋਨਾਂ ਦਾ ਹੀ ਸਾਧਨ ਮੰਨਦੇ ਹੋਏ ਇਸ ਕਲਾ ਨੂੰ ਹਰ ਸੰਭਵ ਉਤਸ਼ਾਹ ਦੇਂਦੇ ਹਨ । ਚਿਤਰਕਾਰਾਂ ਦੀ ਇਕ ਵੱਡੀ ਗਿਣਤੀ ਇਸ ਕੰਮ ਵਿਚ ਲਗਾਈ ਗਈ ਹੈ । ਹਰ ਹਫਤੇ ਸ਼ਾਹੀ ਕਾਰਜਸ਼ਾਲਾ ਦੇ ਬਹੁਤ ਸਾਰੇ ਨਿਰੀਖਕ ਅਤੇ ਲੇਖਕ (ਕਲਰਕ) ਬਾਦਸ਼ਾਹ ਦੇ ਸਾਹਮਣੇ ਹਰ ਇਕ ਕਲਾਕਾਰ ਦਾ ਕੰਮ ਪੇਸ਼ ਕਰਦੇ ਹਨ ਅਤੇ ਬਾਦਸ਼ਾਹ ਸਲਾਮਤ ਵਿਖਾਈ ਗਈ ਸ੍ਰੇਸ਼ਟਤਾ ਦੇ ਅਧਾਰ ਤੇ ਇਨਾਮ ਦੇਂਦੇ ਅਤੇ ਕਲਾਕਾਰਾਂ ਦੇ ਮਾਸਿਕ ਮੇਹਨਤਾਨੇ ਵਿਚ ਵਾਧਾ ਕਰਦੇ ਹਨ... ਹੁਣ ਬਹੁਤ ਹੀ ਸ੍ਰੇਸ਼ਟ ਕਲਾਕਾਰ (ਚਿਤਰਕਾਰ) ਮਿਲਣ ਲਗੇ ਹਨ ਅਤੇ ਬਿਹਜਾਦ ਜਹੇ ਚਿਤਰਕਾਰਾਂ ਦੀਆਂ ਬਹੁਤ ਵਧੀਆ ਕਲਾਕਾਰੀਆਂ ਨੂੰ ਤਾਂ ਉਨ੍ਹਾਂ ਯੂਰੋਪੀ ਚਿਤਰਕਾਰਾਂ ਦੇ ਉਤਕ੍ਰਿਸ਼ਟ ਕੰਮਾਂ ਦੇ ਸਾਹਮਣੇ ਹੀ ਰਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਸੰਸਾਰ ਭਰ ਵਿਚ ਵਿਆਪਕ ਪ੍ਰਸਿੱਧੀ ਕਮਾਈ ਹੈ । ਬਿਓਰੇ ਦੇ ਬਰੀਕੀ, ਪਰਿਪੂਰਨਤਾ ਅਤੇ ਪ੍ਰਸਤੁਤੀਕਰਣ ਦੀ ਨਿਰਭੀਕਤਾ ਜਿਹੜੀ ਹੁਣ ਚਿਤਰਾਂ ਵਿਚ ਦਿਖਾਈ ਦੇਂਦੀ ਹੈ, ਉਹ ਬੇਜੋੜ ਹੈ । ਇਥੋਂ ਤਕ ਕਿ ਬੇਜਾਨ ਵਸਤੂਆਂ ਵੀ ਸਜੀਵ ਭਾਸਦੀਆਂ ਹਨ । ਸੌ ਤੋਂ ਵਧੇਰੇ ਚਿਤਰਕਾਰ ਇਸ ਕਲਾ ਦੇ ਮਸ਼ਹੂਰ ਕਲਾਕਾਰ ਹੋ ਗਏ ਹਨ । ਹਿੰਦੂ ਕਲਾਕਾਰਾਂ ਦੇ ਲਈ ਇਹ ਗਲ ਖਾਸ ਤੌਰ ਤੇ ਸਹੀ ਹੈ । ਉਨ੍ਹਾਂ ਦੇ ਚਿਤਰ ਵਸਤੂਆਂ ਦੀ ਸਾਡੀ ਸੰਕਲਪਨਾ ਤੋਂ ਕਿਧਰੇ ਉਪਰ ਹਨ । ਦੇਖਿਆ ਜਾਵੇ ਤਾਂ ਪੂਰੇ ਸੰਸਾਰ ਵਿਚ ਕੁਝ ਲੋਕ ਹੀ ਉਨ੍ਹਾਂ ਦੇ ਸਮਾਨ ਪਾਏ ਜਾ ਸਕਦੇ ਹਨ ।

(9.1) ਮੁਗਲ ਚਿਤਰਕਲਾ ਨੇ ਆਲੰਕਾਰਿਕ ਤੱਤਾਂ ਨੂੰ ਕਿਵੇਂ ਪ੍ਰਦਰਸ਼ਿਤ ਕੀਤਾ ? *1*

(9.2) ਅਬੁਲ ਫਜ਼ਲ ਨੇ ਬਿਹਜਾਦ ਅਤੇ ਯੂਰੋਪੀ ਲੋਕਾ ਦੇ ਕੰਮ ਨੂੰ ਕਿਵੇਂ ਇਜ਼ੱਤ ਦਿੱਤੀ ? *1*

(9.3) ਇਹ ਸਰੋਤ ਤਸਵੀਰਾਂ ਦੇ ਪ੍ਰਤਿ ਬਾਦਸ਼ਾਹ ਦੇ ਨਿਜੀ ਝੁਕਾਵ ਨੂੰ ਕਿਵੇਂ ਦਰਸਾਂਦਾ ਹੈ ? *2*



ZOLLEGE.in

## ਖੰਡ ਘ

### (ਮਾਨਚਿੱਤਰ-ਅਧਾਰਿਤ ਪ੍ਰਸ਼ਨ) *1+1=2*

**10.** (10.1) **ਭਾਰਤ** ਦੇ ਦਿੱਤੇ ਗਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 7 ਤੇ), ਵਿਚ ਹੇਠ ਲਿਖਿਆਂ ਵਿਚੋਂ ਕਿਸੇ ***ਇਕ*** ਨੂੰ ਢੁਕਵੇਂ ਚਿਹਨ ਨਾਲ ਅੰਕਿਤ ਕਰੋ ਅਤੇ ਨਾਮ ਲਿਖੋ :

(a) ਉਹ ਸਥਾਨ ਜਿੱਥੇ ਗਾਂਧੀਜੀ ਨੇ ਅਸਹਿਯੋਗ ਅੰਦੋਲਨ ਵਾਪਸ ਲੈ ਲਿਆ । *1*

**ਜਾਂ**

(b) ਉਹ ਸਥਾਨ ਜਿੱਥੇ ਗਾਂਧੀਜੀ ਨੇ ਗੁਜਰਾਤ ਦੇ ਖੇਤੀ ਕਰਨ ਵਾਲੇ ਕਿਸਾਨਾਂ ਦੇ ਲਈ ਸਤਿਆਗ੍ਰਹਿ ਸ਼ੁਰੂ ਕੀਤਾ ਸੀ । *1*

(10.2) **ਭਾਰਤ** ਦੇ ਇਸ ਹੀ ਰਾਜਨੀਤਿਕ ਰੇਖਾ-ਮਾਨਚਿੱਤਰ ਉਪਰ ਮੁਗਲ ਸਾਮਰਾਜ ਦੇ ਰਾਜਧਾਨੀ ਸ਼ਹਿਰ ਨਾਲ ਸੰਬੰਧਿਤ ਇਕ ਸਥਾਨ ਨੂੰ 'A' ਦੇ ਰੂਪ ਵਿਚ ਅੰਕਿਤ ਕੀਤਾ ਗਿਆ ਹੈ । ਇਸ ਦੀ ਪਛਾਣ ਕਰੋ ਅਤੇ ਇਸ ਦੇ ਨਜ਼ਦੀਕ ਖਿਚੀ ਗਈ ਰੇਖਾ ਉਪਰ ਇਸਦਾ ਨਾਮ ਲਿਖੋ । *1*

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 10 ਦੀ ਥਾਂ ਤੇ ਹੈ :*

(10.1) ਮੁਗਲ ਸਾਮਰਾਜ ਦੇ ਕਿਸੇ ਇਕ ਰਾਜਧਾਨੀ ਸ਼ਹਿਰ ਦਾ ਨਾਮ ਲਿਖੋ । *1*

(10.2) (a) 1857 ਦੇ ਵਿਦਰੋਹ ਨਾਲ ਸੰਬੰਧਿਤ ਕਿਸੇ ਇਕ ਕੇਂਦਰ ਦਾ ਬਿਓਰਾ ਦਿਓ । *1*

**ਜਾਂ**

(b) ਉਸ ਰਾਜ ਦਾ ਨਾਮ ਲਿਖੋ ਜਿੱਥੇ ਜਲਿਆਂਵਾਲਾ ਬਾਗ ਦੀ ਘਟਨਾ ਘਟੀ ਸੀ । *1*




ZOLLEGE.in

ਪ੍ਰਸ਼ਨ ਸੰ. 10 ਦੇ ਲਈ

## ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਿਕ)

## Outline Map of India (Political)






ZOLLEGE.in